# ਨੈਸ਼ਨਲ ਮੀਨਜ਼-ਕਮ-ਮੈਰਿਟ ਸ਼ਕਾਲਰਸ਼ਿਪ

## ਅਭਿਆਸ ਟੈਸਟ

## ਜਮਾਤ ਅੱਠਵੀ( Class 8th)

## ਵਿਸ਼ਿਆ ਦੀ ਯੋਗਤਾ

1) ਤ੍ਰਿਭੁਜ ਦੇ ਬਰਾਬਰ ਭੁਜਾਵਾਂ ਦੇ ਸਨਮੁਖ ਕੋਣ.................ਹੁੰਦੇ ਹਨ।

(1) ਅਸਮਾਨ (2) ਸਮਾਨ (3) ਦੋਵੇਂ a ਅਤੇ b (4) ਵਿੱਚੋਂ ਕੋਈ ਨਹੀ

2) ਜੇਕਰ a ਅਤੇ b ਧਨਾਤਮਕ ਪੂਰਨ ਅੰਕ ਹੋਣ ਤਾਂ ਜੋ $a^b = 125$ ਤਾਂ $(a-b)^{a+b-4}$ ਬਰਾਬਰ ਹੋਵੇਗਾ।

(1) 16 (2) 25 (3) 28 (4) 30

3) ਇਕ ਬਿੰਦੂ ਦੇ ਕੋਣਾਂ ਦਾ ਜੋੜ ਕਿੰਨਾ ਹੁੰਦਾ ਹੈ?

(1) $0^0$ (2) $90^0$ (3) $180^0$ (4) $360^0$

4) ਹੇਠ ਲਿਖਿਆਂ ਵਿਚੋਂ ਕਿਹੜਾ ਕੇਂਦਰੀ ਪ੍ਰਵਿਰਤੀ ਦਾ ਮਾਪ ਨਹੀਂ ਹੈ।

(1) ਮੱਧਮਾਨ (2) ਮੱਧਿਕਾ

(3) ਅੰਤਰਾਲ (4) ਬਹੁਲਕ

5) ਮੱਧਮਾਨ = $\dfrac{?}{\text{ਪ੍ਰੇਖਣਾ ਦੀ ਕੁੱਲ ਸੰਖਿਆਂ}}$

(1) ਪ੍ਰੇਖਣਾ ਦਾ ਜੋੜ (2) ਬਹੁਲਕ

(3) ਮਧਿਕਾ (4) ਪ੍ਰੇਖਣਾਂ ਦਾ ਗੁਣਨਫਲ

6) ਵਰਗ ਲਈ ਕਿਹੜਾ ਕਥਨ ਠੀਕ ਨਹੀਂ ਹੈ

(1) ਹਰੇਕ ਕੋਣ $90^0$ ਦਾ ਹੁੰਦਾ ਹੈ।

(2) ਵਿਕਰਣ ਇਕ ਦੂਜੇ ਦੇ ਸਮਦੋਭਾਜਕ ਨਹੀਂ ਹੁੰਦੇ।

(3) ਵਿਕਰਣ ਸਮਾਨ ਹੁੰਦੇ ਹਨ।

(4) ਸਨਮੁਖ ਭੁਜਾਵਾਂ ਸਮਾਨ ਹੁੰਦੀਆਂ ਹਨ।

7) ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਗਲਤ ਹੈ?

(1) ਹਰੇਕ ਵਰਗ ਨੂੰ ਆਇਤ ਕਿਹਾ ਜਾ ਸਕਦਾ ਹੈ।

(2) ਹਰੇਕ ਆਇਤ ਨੂੰ ਵਰਗ ਕਿਹਾ ਜਾ ਸਕਦਾ ਹੈ।

(3) ਹਰੇਕ ਆਇਤ ਨੂੰ ਸਮਾਂਤਰ ਚਤੁਰਭੁਜ ਕਿਹਾ ਜਾ ਸਕਦਾ ਹੈ।

(4) ਹਰੇਕ ਸਮਲੰਬ ਚਤੁਰਭੁਜ ਨੂੰ ਚਤੁਰਭੁਜ ਕਿਹਾ ਜਾ ਸਕਦਾ ਹੈ।

8) ਸਭ ਤੋਂ ਛੋਟੀ ਜਿਸਤ ਅਭਾਜ ਸੰਖਿਆ ਕਿਹੜੀ ਹੈ?

(1) 4 (2) 0 (3) 6 (4) 2

9) ਘਣਾਵ ਵਿਚ ਭੁਜਾਵਾਂ ਦੀ ਸੰਖਿਆ ਕਿੰਨੀ ਹੁੰਦੀ ਹੈ।

(1) 8 (2) 10 (3) 12 (4) 14

10) ਕਿਸੇ ਪਰਿਮੇਯ ਸੰਖਿਆ (ਸਿਫ਼ਰ ਤੋਂ ਬਗੈਰ) ਦਾ ਅਤੇ ਉਸਦੇ ਗੁਣਾਤਮਕ ਇਕਾਈ ਦਾ ਗੁਣਨਫਲ ਹੋਵੇਗਾ।

(1) 0 (2) 1 (3) ਸੰਖਿਆ ਤੌਂ ਵਡਾ (4) ਸੰਖਿਆਂ ਤੋਂ ਛੋਟਾ

11) ਇੱਕ ਘਣ ਵਿੱਚ ਕਿੰਨੇ ਫਲਕ ਹੁੰਦੇ ਹਨ।

(1) 4 (2) 6 (3) 8 (4) 5

12) ਮੀਰਾ 150 ਮੀ. ਲੰਬੇ ਅਤੇ 80 ਮੀ. ਚੌੜੇ ਪਾਰਕ ਵਿੱਚ ਜਾਂਦੀ ਹੈ ਅਤੇ ਇਸਦਾ ਪੂਰਾ ਚੱਕਰ ਲਗਾਉਂਦੀ ਹੈ। ਉਸ ਵੱਲੋਂ ਤੈਅ ਕੀਤੀ ਗਈ ਦੂਰੀ ਪਤਾ ਕਰੋ ?

1) 230m 2) 300m 3) 160m 4) 460m

13) 250 ਮੀਟਰ ਲੰਬਾਈ ਅਤੇ 175 ਮੀਟਰ ਚੌੜਾਈ ਵਾਲੇ ਆਇਤਾਕਾਰ ਬਾਗ ਦੇ ਚਾਰੇ ਪਾਸੇ ਵਾੜ ਲਗਾਉਣ ਦਾ ਖਰਚ 12 ਰੁਪਏ ਪ੍ਰਤੀ ਮੀਟਰ ਦੀ ਦਰ ਨਾਲ ਪਤਾ ਕਰੋ।

1) Rs. 3750 2) Rs. 6200 3)Rs. 10200 4) Rs.8500

14 $(34789)^0$ ਦਾ ਮੁੱਲ ਹੋਵੇਗਾ ।

1) 34789 2) 1 3) 3478.9 4) 0

15) 2744 ਦਾ ਘਣਮੂਲ ਕੀ ਹੋਵੇਗਾ ?

1) 28 2) 18 3) 14 4) 24

16) 1 ਤੋਂ 100 (1 ਨੂੰ ਮਿਲਾਕੇ) ਵਿਚਕਾਰ ਕੁੱਲ ਕਿੰਨੀਆ ਅਜਿਹੀਆ ਸੰਖਿਆਵਾਂ ਹਨ ਜਿਹੜੀਆ ਪੂਰਨ ਵਰਗ ਹਨ ?

1) 10 2) 12 3) 13 4) 15

17) ਪਹਿਲੀਆਂ 10 ਕੁਦਰਤੀ ਸੰਖਿਆਵਾ ਦਾ ਔਸਤ x ਹੈ। x ਦਾ ਮੁੱਲ ਕੀ ਹੋਵੇਗਾ:

1) 10 2) 15/2 3) 11/2 4) 1.1

18) ਜੇਕਰ ਇੱਕ ਚਤੁਰਭੁਜ ABCD ਦੇ ਕੋਣਾਂ ਦਾ ਅਨੁਪਾਤ 4:6:7:3 ਹੋਵੇ ਤਾਂ ABCD ਚਤੁਰਭੁਜ ਕੀ ਹੋਵੇਗੀ?

(1) ਸਮਾਨ ਅੰਤਰ ਚਤੁਰਭੁਜ (2) ਸਮ ਚਤੁਰਭੁਜ
(3) ਆਇਤ (4) ਸਮਲੰਬ

19) ਇੱਕ ਸਮਚਤੁਰਭੁਜ ਦੇ ਵਿਕਰਨ ਆਪਸ ਵਿੱਚ ਕਿੰਨੇ ਦੇ ਕੋਣ ਤੇ ਸਮਦੁਭਾਜਿਤ ਹੁੰਦੇ ਹਨ?

1) $60^0$ 2) $90^0$ 3) $120^0$ 4) $180^0$

20) ਕਿਸੇ ਤਿਕੋਣ ਦੀਆਂ ਭੁਜਾਵਾਂ ਵਿੱਚ ਅਨੁਪਾਤ 3 : 4: 5 ਹੋਵੇ ਤਾਂ ਤਿਕੋਣ ਦਾ ਵੱਡੇ ਤੋਂ ਵੱਡਾ ਕੋਣ ਕੀ ਹੋਵੇਗਾ।

1) $90^0$ 2) $100^0$ 3) $80^0$ 4) $60^0$

21).ਚਾਵਲ ਪੈਦਾ ਕਰਨ ਲਈ ਘੱਟੋ-ਘੱਟ ਕਿੰਨੀ ਵਰਖਾ ਚਾਹੀਦੀ ਹੈ ?

1) 0-100 ਸਮ 2) 25-50 ਸਮ 3) 100-200 ਸਮ 4) 50-75 ਸਮ

22). ਕੌਫੀ ਦੀ ਪੈਦਾਵਾਰ ਕਿਸ ਪ੍ਰਕਾਰ ਦੀ ਮਿੱਟੀ ਵਿੱਚ ਹੁੰਦੀ ਹੈ ?

1) ਦੋਮਟ ਮਿੱਟੀ 2) ਚੀਕਣੀ ਮਿੱਟੀ 3) ਲਾਲ ਮਿੱਟੀ 4) ਰੇਤਲੀ ਮਿੱਟੀ

23. ਜੰਗਲਾਂ ਦੀ ਅੰਧਾਧੁੰਦ ਕਟਾਈ ਕਾਰਨ ਕਿਸ ਵਿੱਚ ਕਮੀ ਆ ਰਹੀ ਹੈ?

1) ਭੌਂ-ਖੋਰ 2) ਵਰਖਾ 3) ਸੋਕਾ 4) ਗਲੋਬਲ-ਵਾਰਮਿੰਗ

24. ਅਰੈਬਿਕਾ,ਰੋਬਸਟਾ ਅਤੇ ਲਾਇਬੈਰਿਕਾ ਕਿਸ ਦੀਆ ਕਿਸਮਾ ਹਨ ?

1) ਕਣਕ 2) ਚਾਹ 3) ਕੌਫੀ 4) ਬਾਕਸਾਈਟ

25. ਉਡੀਸ਼ਾ ਦਾ ਖੇਤਰ ਮਯੂਰ ਭੰਜ ਕਿਸ ਲਈ ਪ੍ਰਸਿੱਧ ਹੈ ?

1) ਮੈਂਗਨੀਜ਼ 2) ਕੱਚਾਲੋਹਾ 3) ਤਾਂਬਾ 4) ਬਾਕਸਾਈਟ

26. ਕਿਹੜਾ ਮਸ਼ਹੂਰ ਸੂਤੀਕੱਪੜਾ ਕੇਂਦਰ,ਭਾਰਤ ਵਿੱਚ ਸਾਬਰਮਤੀ ਨਦੀ ਦੇ ਕਿਨਾਰੇ ਤੇ ਸਥਿਤ ਹੈ?

1) ਹੈਦਰਾਬਾਦ 2) ਅਹਿਮਦਾਬਾਦ 3) ਚੈੱਨਈ 4) ਲੁਧਿਆਣਾ

27. ਸੰਸਾਰ ਦਾ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ ?

1) ਜਪਾਨ 2) ਇੰਗਲੈਂਡ 3) ਦੱਖਣੀਅਫਰੀਕਾ 4) ਭਾਰਤ

28. ਹੇਠ ਲਿਖਿਆਂ ਵਿੱਚੋਂ ਕਿਹੜਾ ਉਰਜਾ ਦਾ ਸਰੋਤ ਨਹੀਂ ਹੈ ?

1) ਪੌਣ 2) ਭੂ-ਤਾਪ 3) ਪਾਣੀ 4) ਮਿੱਟੀ

29. ਭਾਰਤ ਦੇ ਉਸ ਰਾਜ ਦਾ ਨਾਂ ਦੱਸੋ ਜਿਹੜਾ ਪਣ-ਬਿਜਲੀ ਪੈਦਾ ਨਹੀਂ ਕਰਦਾ।

1) ਹਿਮਾਚਲਪ੍ਰਦੇਸ਼ 2) ਪੰਜਾਬ 3) ਉੱਤਰਾਖੰਡ 4) ਗੋਆ

30. ਦੇਸ ਸਭ ਤੋਂ ਵੱਡੀ ਘਾਟੀ ਬੇਸਿਨ ਦਾ ਨਾਂ ਦੱਸੋ ।

1) ਐਮੇਜਨ ਨਦੀ ਬੇਸਿਨ 2) ਵੋਲਗਾ ਨਦੀ ਬੇਸਿਨ
3) ਨਮਰਦਾ ਨਦੀ ਬੇਸਿਨ 4) ਸਤਲੁਜ ਨਦੀ ਬੇਸਿਨ

31.ਭਾਰਤੀ ਲੋਕ-ਤੰਤਰੀ ਚੋਣਾਂ ਦਾ ਮਹੱਤਵਪੂਰਨ ਆਧਾਰ ਕਿਹੜਾ ਹੈ ?

1) ਇਲੈਕਟ੍ਰਾਨਿਕ ਮਸ਼ੀਨ ਦੀ ਵਰਤੋ 2) ਵੱਖ-ਵੱਖ ਰਾਜਨੀਤਕ ਦਲ
3) ਚੋਣ ਮਨੋਰਥ ਪੱਤਰ 4) ਗੁਪਤਦਾਨ

32. ਭਾਰਤ ਦੇ ਸਵਿਧਾਨ ਦੀਆਂ ਮੁੱਢਲੀਆਂ ਪੰਕਤੀਆਂ ਕਿਹੜੇ ਸ਼ਬਦਾ ਨਾਲ ਆਰੰਭ ਹੁੰਦੀਆਂ ਹਨ?

1) ਅਸੀਂ ਭਾਰਤ ਦੇ ਲੋਕ 2) ਅਸੀਂ ਭਾਰਤ ਦੇ ਆਦਮੀਂ
3) ਅਸੀਂ ਭਾਰਤ ਦੀਆਂ ਔਰਤਾਂ 4) ਅਸੀਂ ਭਾਰਤ ਦੇ ਨਾਗਰਿਕ

33. ਇਹਨਾਂ ਵਿੱਚੋਂ  ਕਿਹੜਾ ਭਾਰਤ ਵਿੱਚ ਔਰਤਾਂ ਦੇ ਮਾੜੇ ਲਿੰਗ ਅਨੁਪਤ ਦਾ ਕਾਰਨ ਨਹੀਂ ਹੈ ?
1) ਦਾਜ ਸਮੱਸਿਆ 2)ਔਰਤਾਂ ਦਾ ਵੱਧ ਪੜ੍ਹਿਆਂ-ਲਿਖਿਆ ਹੋਣਾ
3)ਮਾੜੀ ਖੁਰਾਕ ਅਤੇ ਬੁਰੀ ਸਿਹਤ 4) ਲੜਕੀ ਭਰੂਣ ਹੱਤਿਆ

34. ਹੇਠ ਲਿਖਿਆਂ ਵਿੱਚੋਂ ਕਿਹੜਾ ਸੰਯੁਜਕ ਰਾਸ਼ਟਰ ਸੰਘ ਦਾ ਅੰਗ ਨਹੀਂ ਹੈ ?
1) ਮਹਾਂਸੰਘ 2) ਅੰਤਰ ਰਾਸ਼ਟਰੀ ਅਦਾਲਤ 3) ਅਟਾਰਨੀ ਜਨਰਲ 4) ਸੁਰੱਖਿਆ ਪ੍ਰੀਸ਼ਦ

35. ਕਿਸੇ ਰਾਜ ਦੇ ਰਾਜਪਾਲ ਨੂੰ ਆਹੁਦੇ ਦੀ ਸੰਹੂ ਕੋਣ ਚੁਕਵਾਉਂਦਾ ਹੈ ?
1) ਰਾਜ ਸਭਾ ਦਾ ਸਭਾਪਤੀ 2) ਲੋਕ ਸਭਾ ਦਾ ਸਪੀਕਰ 3) ਮੁੱਖ-ਮੰਤਰੀ4) ਰਾਸ਼ਟਰਪਤੀ

36. ਹੇਠ ਲਿਖਿਆਂ ਵਿੱਚੋਂ ਕਿਹੜੀ ਇੱਕ ਖੇਤਰੀ ਰਾਜਨੀਤਿਕ ਪਾਰਟੀ ਹੈ?
1) ਭਾਰਤੀ ਰਾਸ਼ਟਰੀ ਕਾਂਗਰਸ 2) ਭਾਰਤੀ ਜਨਤਾ ਪਾਰਟੀ 3) ਸ਼ੋਮਣੀ ਅਕਾਲੀ ਦਲ 4) ਜਨਤਾ ਦਲ

37. ਪੰਚਾਇਤ ਰਾਜ ਪ੍ਰਣਾਲੀ ਵਿੱਚ ਪੰਚਾਇਤ ਸੰਮਤੀ ਕਿਸ ਪੱਧਰ ਤੇ ਬਣਾਈ ਗਈ ਹੈ ?
1) ਪਿੰਡ ਪੱਧਰ ਤੇ 2) ਬਲਾਕ ਪੱਧਰ ਤੇ 3) ਨਗਰ ਪੱਧਰ ਤੇ 4) ਜਿਲ੍ਹਾਂ ਪੱਧਰ ਤੇ

38. ਕੋਈ ਬਿੱਲ ਧੰਨ ਬਿੱਲ ਹੈ ਜਾਂ ਨਹੀਂ, ਇਸਦਾ ਫੈਸਲਾ ਕੌਣ ਕਰਦਾ ਹੈ ?
1) ਰਾਜ ਸਭਾ ਦਾ ਸਭਾਪਤੀ 2) ਲੋਕ ਸਭਾ ਦਾ ਸਪੀਕਰ
3) ਪ੍ਰਧਾਨ ਮੰਤਰੀ 4) ਰਾਸ਼ਟਰਪਤੀ

39. ਕਿਸ ਸੰਵਿਧਾਨ ਸੋਧ ਰਾਹੀ ਅਤੇ ਕਦੋਂ ਮੁਫਤ ਅਤੇ ਜਰੂਰੀ ਸਿੱਖਿਆਂ ਦਾ ਅਧਿਕਾਰ (6-14) ਲਾਗੂ ਕੀਤਾ ਗਿਆ ?

1) 73ਵੀਂ ਸੋਧ,1993 2) 93ਵੀਂ ਸੋਧ,2002
3) 74ਵੀਂ ਸੋਧ,1974 4) 42ਵੀਂ ਸੋਧ,1976

40. ਚੋਣ ਪ੍ਰੀਕਿਆ ਸੰਬੰਧੀ ਹੇਠ ਲਿਖਿਆ ਵਿੱਚੋਂ ਕਿਹੜਾ ਕੰਮ ਚੋਣ-ਕਮਿਸ਼ਨ ਵੱਲੋਂ ਨਹੀਂ ਕੀਤਾ ਜਾਂਦਾ
1)ਨਾਮਜਦਗੀ ਪੱਤਰਾਂ ਦੀ ਜਾਂਚ-ਪੜਤਾਲ 2) ਚੋਣ ਨਿਸ਼ਾਨ ਜਾਰੀ ਕਰਨਾ
3)ਵੋਟਾਂ ਦੀ ਗਿਣਤੀ ਤੇ ਨਤੀਜੇ ਘੋਸ਼ਿਤ ਕਰਨੇ 4) ਚੋਣ-ਮਨੋਰਥ ਪੱਤਰ ਤਿਆਰ ਕਰਨੇ

41. ਹੇਠ ਲਿਖਿਆਂ ਵਿੱਚੋਂ ਕਿਹੜਾ ਠੀਕ ਹੈ?
1) ਜਹਾਂਗੀਰ,ਬਾਬਰ,ਹਿਮਾਯੂ,ਅਕਬਰ 2) ਅਕਬਰ,ਬਾਬਰ,ਜਹਾਂਗੀਰ,ਹਿਮਾਯੂ
3) ਬਾਬਰ,ਹਿਮਾਯੂ,ਅਕਬਰ,ਜਹਾਂਗੀਰ 4) ਹਿਮਾਯੂ,ਅਕਬਰ,ਬਾਬਰ,ਜਹਾਂਗੀਰ

42. ਸਿੱਖ ਇਤਿਹਾਸ ਵਿੱਚ ਕਿਹੜੇ ਗੁਰੁ ਨੂੰ ਬਾਲ ਕਰਕੇ ਵੀਂ ਜਾਣਿਆਂ ਜਾਂਦਾਹੈ ?
1) ਸ਼੍ਰੀ ਗੁਰੁ ਗੋਬਿੰਦ ਸਿੰਘ ਜੀ 2) ਸ਼੍ਰੀ ਗੁਰੁ ਹਰਰਾਇ ਜੀ
3) ਸ਼੍ਰੀ ਗੁਰੁ ਹਰਕ੍ਰਿਸ਼ਨ ਜੀ 4) ਸ਼੍ਰੀ ਗੁਰੁ ਤੇਗ ਬਹਾਦਰ ਜੀ

43. ਬਾਵਰਾ ਅਤੇ ਸੂਰਦਾਸ ਕਿਸ ਰਾਜੇ ਦੇ ਦਰਬਾਰੀ ਸੰਗੀਤਕਾਰ ਸਨ?
1)ਜਹਾਂਗੀਰ 2) ਅਕਬਰ 3) ਸ਼ਾਹਜਹਾਨ 4)ਔਰੰਗਜੇਬ

44. ਅੰਗਰੇਜਾਂ ਖਿਲਾਫ ਰਾਣੀ ਝਾਂਸੀ ਦੀ ਮੱਦਦ ਕਿਸਨੇ ਕੀਤੀ ?
1) ਮੰਗਲ ਪਾਂਡੇ 2) ਬੇਗਮ ਹਜਰਤ ਮਹਿਲ 3) ਤਾਂਤੀਆਂ ਟੋਪੇ 4)ਨਾਨਾ ਸਾਹਿਬ

45. ਬਿਰਸਾ ਮੁੰਡਾ ਨੇ ਕਿਸ ਇਲਾਕੇ ਵਿੱਚ ਵਿਦਰੋਹ ਕੀਤਾ ?
1) ਬਿਹਾਰ 2) ਉਡੀਸਾ 3) ਮੇਘਾਲਿਆ 4)ਛੋਟਾ ਨਾਗਪੁਰ

46. ਬੰਦਾ ਬਹਾਦਰ ਦਾ ਮੁਢਲਾ ਨਾਮ ਕੀ ਸੀ ?

1) ਲ਼ਛਮਣ ਦਾਸ 2) ਮਾਧੋਦਾਸ 3) ਕ੍ਰਿਸ਼ਨਦਾਸ 4)ਅਮੀਰਖੁਸਰੋ

47. ਹੇਠ ਲਿਖਿਆ ਵਿੱਚੋਂ ਕਿਹੜਾ ਜੁਟ ਮੇਲ ਨਹੀਂ ਕਰਦਾ

1)ਸਿੰਕੰਦਰ ਲੋਧੀ-ਆਗਰਾ 2) ਹਰੀਹਰ ਤੇ ਬੁੱਕਾ-ਵਿਜੈ ਨਗਰ ਰਾਜ

3) ਧਰਮਪਾਲ -ਨਾਲੰਦਾ 4) ਕੁਤਬਦੀਨ ਐਬਕ - ਤੁਰਕਰਾਜ

48. ਤੁਗਲਕ ਸਾਮਰਾਜ ਦੇ ਪਤਨ ਤੋਂ ਬਾਅਦ ਖਿਜਰ ਖਾਂ ਨੇ ਕਿਸ ਦੀ ਨੀਂਹ ਰੱਖੀ ?

1) ਖਿਜਰਵੰਸ਼ 2) ਖਿਲਜੀਵੰਸ਼ 3) ਸਯਦਵੰਸ਼ 4)ਲੋਧੀਵੰਸ਼

49. ਲਾਰਡ ਡਲਹੋਜੀ ਨੇ ਸਿੱਕਮ ਉੱਪਰ ਜਿੱਤ ਕਦੋਂ ਪ੍ਰਾਪਤ ਕੀਤੀ ਸੀ ?

1) 1850 2) 1849 3) 1857 4) 1860

50.ਰਾਜਾ ਰਵੀ ਵਰਮਾ ਕੌਣ ਸੀ ?

1) ਸਮਾਜ ਸੁਧਾਰਕ 2) ਚਿੱਤਰਕਾਰ 3) ਲੇਖਕ 4)ਸਿੱਖਿਆ ਸ਼ਾਸਤਰੀ

51.ਪ੍ਰਕਾਸ਼ ਸਾਨੂੰ ਵਸਤੂਆਂ ਦਿਖਾਈ ਦੇਣ ਵਿਚ ਕਿਵੇਂ ਮਦਦ ਕਰਦਾ ਹੈ?

(1) ਵਸਤੂਆਂ ਤੋਂ ਪਰਾਵਰਤਿਤ ਹੋਇਆ ਪ੍ਰਕਾਸ਼ ਸਾਡੀਆਂ ਅੱਖਾਂ ਵਿਚ ਪੈਂਦਾ ਹੈ

(2) ਵਸਤੂਆਂ ਤੋਂ ਪ੍ਰਕਾਸ਼ ਸਾਡੀਆਂ ਅੱਖਾਂ ਵਿਚ ਪੈਂਦਾ ਹੈ

(3) ਵਸਤੂਆਂ ਤੋਂ ਪ੍ਰਕਾਸ਼ ਪਰਾਵਰਤਿਤ ਨਹੀ ਹੁੰਦਾ

(4) ਇਹਨਾਂ ਵਿੱਚੋਂ ਕੋਈ ਨਹੀ

52. ਦੀਪਤ ਵਸਤੂਆਂ ਕਿਸ ਨੂੰ ਕਹਿੰਦੇ ਹਨ?

(1) ਜਿਹੜੀਆਂ ਵਸਤੂਆਂ ਅਪਣਾ ਪ੍ਰਕਾਸ਼ ਦਿੰਦੀਆਂ ਹਨ

(2) ਜਿਹੜੀਆਂ ਵਸਤੂਆਂ ਅਪਣਾ ਪ੍ਰਕਾਸ਼ ਨਹੀ ਦਿੰਦੀਆਂ ਹਨ

(3) ਜਿਹੜੀਆਂ ਵਸਤੂਆਂ ਪਰਾਵਰਤਿਤ ਹੋਇਆ ਪ੍ਰਕਾਸ਼ ਦਿੰਦੀਆਂ ਹਨ

(4) ਉਪਰੋਕਤ ਸਾਰੇ ਹੀ

53. ਕੀ ਕਾਰਨ ਹੈ ਕਿ ਪਾਣੀ ਵਿੱਚ ਅੱਧੀ ਡੁਬੀ ਹੋਈ ਤਿਰਛੀ ਪੈਂਸਿਲ ਸਾਨੂੰ ਟੁੱਟੀ ਦਿਖਾਈ ਦਿੰਦੀ ਹੈ?

(1) ਪ੍ਰਕਾਸ਼ ਦੇ ਪਰਾਵਰਤਨ ਕਰਕੇ

(2) ਪ੍ਰਕਾਸ਼ ਦੇ ਅਪਵਰਤਨ ਕਰਕੇ

(3) ਪ੍ਰਕਾਸ਼ ਦੇ ਅਪਵਰਤਨ ਅੰਕ ਕਰਕੇ

(4) ਪ੍ਰਕਾਸ਼ ਦੇ ਪਰਾਵਰਤਨ ਅਤੇ ਅਪਵਰਤਨ ਕਰਕੇ

54. ਦੂਰ ਦ੍ਰਿਸਟੀ ਦੋਸ਼ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ?

(1) ਅਵਤਲ ਲੈਂਜ਼ ਨਾਲ (2) ਉੱਤਲ ਲੈਂਜ਼ ਨਾਲ

(3) ਅਵਤਲ ਅਤੇ ਉੱਤਲ ਲੈਂਜ਼ ਨਾਲ (4) ਇਹਨਾਂ ਵਿੱਚੋਂ ਕੋਈ ਨਹੀ

55. ਨਿਕਟ ਦ੍ਰਿਸਟੀ ਦੋਸ਼ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ?

(1) ਅਵਤਲ ਲੈਂਜ਼ ਨਾਲ (2) ਉੱਤਲ ਲੈਂਜ਼ ਨਾਲ

(3) ਅਵਤਲ ਅਤੇ ਉੱਤਲ ਲੈਂਜ਼ ਨਾਲ (4) ਇਹਨਾਂ ਵਿੱਚੋਂ ਕੋਈ ਨਹੀ

**56 ਆਮ ਮਨੁੱਖ ਲਈ ਸੁਨਣ ਸੀਮਾਂ ਕੀ ਹੈ**

1) 20 Hz **ਤੋਂ ਘੱਟ** 2) 20 Hz **ਤੋਂ** 20000Hz

3) 20000Hz **ਤੋਂ ਜਿਆਦਾ** 4) **ਉਪਰੋਕਤ ਵਿੱਚੋ ਕੋਈ ਨਹੀਂ**

57. ਤੇਜ਼ਾਬੀ ਵਰਖਾ ਵਿੱਚ ਨਿਮਨ ਵਿਚੋਂ ਕਿਹੜਾ ਤੇਜ਼ਾਬ ਨਹੀ ਪਾਇਆ ਜਾਂਦਾ ਹੈ

(1) HNO3 (2) H2SO4 (3) HNO3 ਅਤੇ H2SO4 (4) CH3COOH

58. ਕਾਰਬਨਿਕ ਐਸਿਡ ਦਾ ਰਸਾਇਣਿਕ ਸੂਤਰ ਕੀ ਹੈ?

(1) HCO3 (2) H2CO2 (3) H2CO3 (4) H3CO3

59. ਕਿਸੇ ਪਦਾਰਥ ਦੇ ਤੇਜ਼ਾਬੀਪਣ/ਖਾਰੇਪਣ ਦਾ ਪਤਾ ਲਗਾਉਣ ਲਈ ਵਰਤਿਆ ਜਾਣ ਵਾਲਾ ਕੁਦਰਤੀ ਸੂਚਕ ਲਿਟਮਸ ਕਿਸ ਤੋਂ ਪ੍ਰਾਪਤ ਹੁੰਦਾ ਹੈ?

(1) ਉੱਲੀ (2) ਲਾਈਕਨਜ਼ (3) ਕਾਈ (4) ਪ੍ਰੋਟੋਜੋਆ

60. ਨਿਮਨ ਵਿੱਚੋਂ ਕਿਹੜਾ ਵੱਧ ਤੇਜ਼ਾਬੀ ਹੈ?

(1) ਚੂਨੇ ਦਾ ਪਾਣੀ (2) ਸੌਡੇ ਦੀ ਬੋਤਲ (3) ਲਹੂ (4) ਅੰਡਾ

61. ਨਿਮਨ ਵਿੱਚੋਂ ਕਿਹੜਾ ਵੱਧ ਖਾਰਾ ਹੈ?

(1) ਸਿਰਕਾ (2) ਅਲਕੋਹਲ (3) ਸੰਤਰਾ (4) ਕੱਪੜੇ ਧੋਣ ਵਾਲਾ ਸੋਡਾ

62. ਪੈਰਾਮੀਸ਼ੀਅਮ :

(1) ਬਹੁ-ਸੈਲੀ ਜੀਵ ਹੈ (2) ਇੱਕ ਸੈਲੀ ਜੀਵ ਹੈ (3) ਜੰਤੂ ਟਿਸ਼ੂ ਹੈ (4) ਮਾਸਾਹਾਰੀ ਪ੍ਰਾਣੀ

63. ਸਥਿਰ-ਜੀਵ ਸਮੁਦਾਇ ਵਿੱਚ ਨਿਖੇੜਕ ਹਨ?

(1) ਸੂਖਮ ਜੀਵ (2) ਪੌਦੇ (3) ਸ਼ਾਕਾਹਾਰੀ ਪ੍ਰਾਣੀ (4) ਮਾਸਾਹਾਰੀ ਪ੍ਰਾਣੀ

64. ਇਹ ਜੈਵਿਕ ਵਾਤਾਵਰਨ ਦਾ ਭਾਗ ਨਹੀ ਹਨ?

(1) ਮਨੁੱਖ (2) ਰੁੱਖ (3) ਵਾਯੂ (4) ਕੀਟ

65. ਜੀਵ ਦੀ ਸਭ ਤੋਂ ਛੋਟੀ ਕਿਰਿਆਤਮਕ ਅਤੇ ਰਚਨਾਤਮਕ ਇਕਾਈ ਹੈ:

(1) ਸੈੱਲ (2) ਟਿਸ਼ੂ (3) ਅਣੂ (4) ਟਿਸ਼ੂ ਅੰਗ

66. ਕਲੋਰੋਫਿਲ ਕਿੱਥੇ ਪਾਈ ਜਾਂਦੀ ਹ?

(1) ਮਾਈਟੋਕਾਂਡ੍ਰੀਆ (2) ਗਾਲਜ਼ੀ ਬਾਡੀਜ਼ (3) ਕਲੋਰੋਪਲਾਸਟ (4) ਕੇਂਦਰਕ

67. ਪੁੰਜ ਦੀ S.I. ਇਕਾਈ ਕੀ ਹੈ?

(1) ਮਿਲੀਗ੍ਰਾਮ (2) ਜੂਲ (3) ਕਿਲੋਗ੍ਰਾਮ (4) ਇਹਨਾਂ ਵਿੱਚੋਂ ਨਹੀ

68. ਦਬਾਓ ਦੀ S.I. ਇਕਾਈ ਕੀ ਹੈ?

(1) ਨਿਊਟਨ2/ਮੀਟਰ (2) ਨਿਊਟਨ/ਮੀਟਰ2 (3) ਪਾਸਕਲ ਮੀਟਰ (4) ਇਹਨਾਂ ਵਿੱਚੋਂ ਨਹੀ

69. ਅਕਾਸ਼ ਵਿੱਚ ਤਾਰੇ ਕਿਉਂ ਟਿਮਟਿਮਾਉਂਦੇ ਹਨ?

(1) ਪਰਾਵਰਤਨ ਕਰਕੇ (2) ਅਪਵਰਤਨ ਕਰਕੇ (3) ਤਾਪਮਾਨ ਵੱਧਣ ਕਰਕੇ (4) ਇਹਨਾਂ ਵਿੱਚੋਂ ਨਹੀ

70. ਲਾਲ ਰੰਗ ਦੀ ਵਸਤੂ ਹਰੇ ਰੰਗ ਦੇ ਪ੍ਰਕਾਸ਼ ਵਿੱਚ , ਦੇਖਣ ਨੂੰ ਕਿਹੋ ਜਿਹੀ ਦਿਖਾਈ ਦਿੰਦੀ ਹੈ?

(1) ਕਾਲੀ (2) ਲਾਲ (3) ਹਰੀ (4) ਨੀਲੀ

71 **ਇੱਕ ਚੁੰਬਕ ਆਪਣੇ ਵੱਲ ਖਿੱਚਦਾ ਹੈ**

(1) **ਪਲਾਸਟਿਕ** (2) **ਕਿਸੇ ਵੀ ਧਾਤ** (3) **ਐਲਮੀਨੀਅਮ** (4) **ਲੋਹਾ**

72. **ਬਿਜਲੀ ਕਰੰਟ ਪੈਦਾ ਕਰਨ ਵਾਲੇ ਯੰਤਰ ਨੂੰ ਕਿਹਾ ਜਾਂਦਾ ਹੈ।**

(1) **ਜਰਨੇਟਰ** (2) **ਗੇਲਵੇਨੋਮੀਟਰ** (3) **ਐਸਮੀਟਰ** (4) **ਬੈਰੋਮੀਟਰ**

73.ਹਾਈਡਰੋਕਲੋਰਿਕ ਤੇਜ਼ਾਬ ਕਿਸਨੂੰ ਉਦਾਸੀਨ ਕਰਦਾ ਹੈ?

(1) ਨਾਈਟ੍ਰਿਕ ਤੇਜ਼ਾਬ (2) ਗੰਧਕ ਦਾ ਤੇਜ਼ਾਬ (3) ਸਿਟਰਿਕ ਤੇਜ਼ਾਬ (4) ਸੋਡਿਅਮ ਹਾਈਡਰੋਕਸਾਈਡ

74. ਤੇਜ਼ਾਬਾਂ ਦਾ ਰਾਜਾ ਕਿਸਨੂੰ ਕਿਹਾ ਜਾਂਦਾ ਹੈ?

(1) HCl (2) H2SO4 (3) HNO3 (4) H2CO3

75. ਪੇਟ ਵਿਚਲੇ ਤੇਜ਼ਾਬੀਪਣ ਨੂੰ ਦੂਰ ਕਰਨ ਲਈ ਕੀ ਵਰਤਿਆ ਜਾਂਦਾ ਹੈ?

(1) CO2 (2) H2SO4 (3) HNO3 (4) ਖਾਰ (ਮਿਲਕ ਆਫ ਮੈਗਨੀਸ਼ਿਅਮ)

76. ਸੰਤਰੇ ਵਿੱਚ ਕਿਹੜਾ ਤੇਜ਼ਾਬ ਹੁੰਦਾ ਹੈ?

(1) ਸਿਟਰਿਕ (2) ਮੈਲਿਕ (3) ਲੈਕਟਿਕ (4) ਫਾਰਮਿਕ

77 **ਜਦੋਂ ਕਾਰਬਨ ਡਾਈਆਕਸਾਈਡ ਚੂਨੇਦੇ ਪਾਣੀ ਨਾਲ ਕ੍ਰਿਆ ਕਰਦੀ ਹੈ ਤਾਂ ਉਸਦਾ ਦੁਧੀਆਪਣ ........ ਦੇ ਬਣਨ ਕਾਰਣ ਹੈ:-**

(1) $CaSo_4$ (2) $CaCo_3$

(3) $Na_2Co_3$ (4) $NaHCo_3$

78. ਤੇਜ਼ਾਬਾਂ ਦੀ ਸ਼ਕਤੀ ਕਿਸ ਤੇ ਨਿਰਭਰ ਕਰਦੀ ਹੈ

(1) ਹਾਈਡ੍ਰੋਜਨ ਅਣੂਆਂ ਦੀ ਸੰਖਿਆ ਤੇ (2) ਆਕਸੀਜਨ ਦੀ ਮਾਤਰਾ

(3) ਘਣਤਾ (4) ਹਾਈਡ੍ਰੋਜਨ ਆਇਨਾਂ ਦੀ ਸੰਘਣਤਾ

79 ਅਮੀਬਾ, ਅਨੁਕੂਲ ਪਰਿਸਥਿਤੀਆਂ ਵਿੱਚ ਕਿਵੇਂ ਪ੍ਰਜਣਨ ਕਰਦੇ ਹਨ?

(1) ਦੋ-ਖੰਡਨ (2) ਬੱਡਿੰਗ (3) ਖੰਡਨ (4) ਬੀਜਾਣੂ ਬਣਾਉਣਾ

80. ਗੁਲਾਬ ਅਤੇ ਗੰਨੇ ਵਿੱਚ ਕਾਇਕ ਪ੍ਰਜਣਨ ਕਿਸ ਵਿਧੀ ਰਾਹੀਂ ਹੁੰਦਾ ਹੈ?

(1) ਦਾਬ ਲਗਾਉਣਾ (2) ਕਲਮ ਲਗਾਉਣਾ (3) ਪਿਓਂਦ ਲਗਾਉਣਾ (4) ਟਿਸ਼ੂ

81. ਮੋਤਿਆ (Jasmine) ਵਿੱਚ ਕਾਇਕ ਪ੍ਰਜਣਨ ਦੀ ਕੀ ਵਿਧੀ ਹੈ?

(1) ਦਾਬ ਲਗਾਉਣਾ (2) ਕਲਮ ਲਗਾਉਣਾ (3) ਪਿਓਂਦ ਲਗਾਉਣਾ (4) ਟਿਸ਼ੂ ਕਲਚਰ

82. ਕਿਹੜਾ ਜੀਵ ਬੀਜਾਣੂ ਨੂੰ ਬਣਾਉਂਦਾ ਹੈ?

(1) ਗੁਲਾਬ (2) ਉੱਲੀ (3) ਆਲੂ (4) ਅਦਰਕ

83. ਪੱਥਰਚਟ ਕਿਸ ਰਾਹੀਂ ਪ੍ਰਜਣਨ ਕਰਦਾ ਹੈ?

(1) ਪੱਤੇ (2) ਤਨਾ (3) ਜੜ੍ਹ (4) ਫੁੱਲ

84 ਇਹਨਾਂ ਵਿੱਚੋ. ਕਿਹੜਾ ਅੰਗ ਸਾਡੀ ਗਿਆਨ ਇੰਦਰੀ ਨਹੀਂ ਹੈ।

(1) ਨੱਕ (2) ਜੀਭ
(3) ਅੱਖ (4) ਹੱਡੀ

85 ਹੱਥ ਲਾਉਣ ਤੇ ਕਿਹੜਾ ਪੌਦਾ ਸੁੰਘੜਣਾ ਸ਼ੁਰੂ ਕਰ ਦਿੰਦਾ ਹੈ?

(1) ਸੂਰਜਮੁਖੀ (2) ਲਾਜਵੰਤੀ
(3) ਪਿੱਪਲ (4) ਗੁਲਾਬ

86 ਜੀਵਨ ਦੀ ਮੌਲਿਕ ਇਕਾਈ ਦਾ ਨਾਂ ਦੱਸੋ?

(1) ਪ੍ਰੋਟੀਨ (2) ਕਾਰਬੋਹਾਈਡ੍ਰੇਟਸ
(3) ਚਰਬੀ (4) ਸੈੱਲ

87. ਖੁਨ ਦੀ ਸਫਾਈ ਕਰਨ ਵਾਲੇ ਅੰਗ ਦਾ ਨਾ ਦੱਸੋ?

(1) ਗੁਰਦਾ (2) ਦਿਲ
(3) ਫੇਫੜਾ (4) ਦਿਮਾਗ

88. ਉਹ ਪਦਾਰਥ ਜੋ ਰਸਾਇਣਕ ਕਿਰਿਆ ਦੌਰਾਨ ਬਣਦੇ ਹਨ ਉਹਨਾਂ ਨੂੰ ਕੀ ਕਹਿੰਦੇ ਹਨ?

(1) ਉਤਪ੍ਰੇਰਕ (2) ਅਭਿਕਾਰਕ (3) ਉਤਪਾਦ (4) ਅਵਖੇਪ

89. ਮਿੱਟੀ ਦੇ ਅਧਿਐਨ ਨੂੰ ਕੀ ਕਹਿੰਦੇ ਹਨ :

(1) ਪੈਡਾਲੋਗੀ (2) ਮਿੱਟੀਲੋਗੀ (3) ਜੀਓਲੋਜੀ (4) ਪੈਡੋਸ਼ਫੀਅਰ

90. ਪਦਾਰਥ ਦੇ ਛੋਟੇ ਤੋਂ ਛੋਟੇ ਕਣ ਜਿਨ੍ਹਾਂ ਨੂੰ ਵੰਡਿਆ ਨਹੀ ਜਾ ਸਕਦਾ ਉਨ੍ਹਾਂ ਨੂੰ ਕੀ ਕਹਿੰਦੇ ਹਨ ?

(1) ਤੱਤ (2) ਪ੍ਰਮਾਣੂ (3) ਅਣੂ (4) ਯੋਗਿਕ